# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਖੇਤਰ ਵਿੱਚੋਂ ਮਿਲੀ ਜਾਣਕਾਰੀ ਅਤੇ ਪ੍ਰਾਪਤ ਹੋਏ ਦਸਤਾਵੇਜਾਂ ਦੇ ਆਧਾਰ ਤੇ ਬੋਰਡ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਿਸੇ ਅਗਿਆਤ ਵੱਲੋਂ ਬੋਰਡ ਦਫ਼ਤਰ ਦੇ ਨਾਮ ਤੇ ਇੱਕ ਜਾਅਲੀ ਪੱਤਰ ਨੰ: ਅਕਾਦਮਿਕ/2014/550 ਮਿਤੀ 10-04-2014 ਤਿਆਰ ਕਰਕੇ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਗਸ਼ਤੀ ਕੀਤਾ ਗਿਆ ਹੈ ਜਿਸ ਰਾਹੀਂ ਕਲਿਆਣੀ ਪਬਲਿਸ਼ਰਜ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਨੂੰ ਬੋਰਡ ਦਫ਼ਤਰ ਪਾਸੋਂ ਸਪਲੀਮੈਂਟਰੀ ਲਿਸਟ ਵਿੱਚ ਪ੍ਰਵਾਨ ਕਰਨ ਦਾ ਜ਼ਿਕਰ ਕੀਤਾ ਗਿਆ ਹੈ । ਇਸ ਪੱਤਰ ਨੂੰ ਕਲਿਆਣੀ ਪਬਲਿਸ਼ਰ ਦੇ ਨੁਮਾਇੰਦੇ ਵੱਲੋਂ ਕੁਝ ਸਕੂਲਾਂ ਵਿੱਚ ਪੇਸ਼ ਕਰਕੇ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਕਾਮਰਸ ਗਰੁੱਪ ਨਾਲ ਸਬੰਧਤ ਪੁਸਤਕਾਂ (i). Business Studies +2 Commerce (ii) Business Eco.& Q Methods +2 Commerce (iii).Accountancy +2 Commerce (iv)E. Business+2 Commerce(v)M.O.P+1 Commerce ਵੇਚੀਆਂ ਜਾ ਰਹੀਆਂ ਹਨ ਜੋ ਕਿ ਗੈਰ ਕਾਨੂੰਨੀ ਹੈ ਇਸ ਤੋਂ ਇਲਾਵਾ ਦਫ਼ਤਰ ਨੂੰ ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਕਲਿਆਣੀ ਪਬਲਿਸ਼ਰਜ ਲੁਧਿਆਣਾ ਵੱਲੋਂ ਬਾਰ੍ਹਵੀਂ ਸ਼੍ਰੇਣੀ ਲਈ ਸਾਲ 2013 ਵਾਸਤੇ ਪ੍ਰਕਾਸ਼ਿਤ ਕੀਤੀ (Business Economics & Quantitative Methods) ਤੇ ਵੀ ਬੋਰਡ ਦਾ ਜਾਅਲੀ ਨੰਬਰ 2013/202 ਲਗਾ ਕੇ ਵੇਚੀ ਗਈ ਹੈ ਜਦੋਂ ਕਿ ਇਹ ਪੁਸਤਕ ਛਾਪਣ ਲਈ ਸਬੰਧਤ ਫਰਮ ਨੇ ਬੋਰਡ ਦਫ਼ਤਰ ਪਾਸੋਂ ਕੋਈ ਵੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਅਤੇ ਨਾ ਹੀ ਇਸ ਦਫ਼ਤਰ ਵੱਲੋਂ ਇਸ ਫਰਮ ਨੂੰ ਅਜਿਹਾ ਕੋਈ ਪ੍ਰਵਾਨਗੀ ਪੱਤਰ ਜਾਰੀ ਕੀਤਾ ਗਿਆ ਹੈ । ਇਨ੍ਹਾਂ ਕਾਰਨਾਂ ਕਰਕੇ ਬੋਰਡ ਦਫ਼ਤਰ ਵੱਲੋਂ ਕਲਿਆਣੀ ਪਬਲਿਸ਼ਰਜ ਲੁਧਿਆਣਾ ਨੂੰ ਬਲੈਕ ਲਿਸਟ ਕਰਨ ਦਾ ਨਿਰਣਾ ਕੀਤਾ ਗਿਆ ਹੈ। ਇਸ ਪ੍ਰੈਸ ਨੋਟ ਰਾਹੀਂ ਰਾਜ ਦੇ ਸਮੂਹ ਪਸੁਤਕ ਵਿਕਰੇਤਾ, ਸਕੂਲ ਮੁੱਖੀਆਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਫਰਮ ਦੀ ਕੋਈ ਵੀ ਪੁਸਤਕ ਜੋ ਬੋਰਡ ਦਾ ਹਵਾਲਾ ਨੰਬਰ ਦੇ ਕੇ ਛਾਪੀ ਗਈ ਹੋਵੇ, ਨਾ ਖਰੀਦੀ ਜਾਵੇ।

ਸਕੱਤਰ